# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਵਿਭਾਗ,ਪੰਜਾਬ
# ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

**ਐਸ.ਸੀ.ਓ.ਨੰ:104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ ਚੰਡੀਗੜ੍ਹ।**

---

ਵੱਲ

1. ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.)
2. ਰਾਜ ਦੇ ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ
3. ਰਾਜ ਦੇ ਸਮੂਹ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)

ਮੀਮੋ ਨੰ:ਸਸਅ/ਐਮਸੀ/2010/54775-54807
ਮਿਤੀ,ਚੰਡੀਗੜ੍ਹ 25-08-2010

**ਵਿਸ਼ਾ :- ਮੋਨੀਟਰ ਡਾਇਰੀ ਬਾਰੇ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਆਪ ਜੀ ਦੇ ਧਿਆਨ ਵਿੱਚ ਲਿਆਂਦਾ ਜਾ ਰਿਹਾ ਹੈ ਕਿ ਹੈੱਡ-ਆਫ਼ਿਸ ਤੋਂ ਮੋਨੀਟਰ ਡਾਇਰੀ ਡਿਸਪੈਚ ਹੋ ਚੁੱਕੀ ਹੈ ਅਤੇ ਬੀ.ਆਰ.ਪੀ.ਦੁਆਰਾ ਸਕੂਲਾਂ ਵਿੱਚ ਪਹੁੰਚਾਈ ਜਾ ਰਹੀ ਹੈ ਜੋ ਕਿ ਛੇਵੀਂ ਜਮਾਤ ਤੋਂ ਲੈ ਕੇ ਜਮਾਤ ਦਸਵੀਂ ਤੱਕ ਪ੍ਰਤੀ ਜਮਾਤ ਅਤੇ ਪ੍ਰਤੀ ਸੈਕਸ਼ਨ, ਇੱਕ ਮੋਨੀਟਰ ਨੂੰ ਦੇਣੀ ਹੈ। ਸਕੂਲ ਵਿੱਚ ਪਹੁੰਚਣ ਤੇ ਇਸ ਦੀ ਬਕਾਇਦਾ ਸਟਾਕ ਐਂਟਰੀ ਕੀਤੀ ਜਾਵੇ। ਜੇਕਰ ਮੋਨੀਟਰ ਡਾਇਰੀ ਕਿਸੇ ਸਕੂਲ ਵਿੱਚ ਨਹੀਂ ਪਹੁੰਚੀ ਤਾਂ ਸਕੂਲ ਮੁੱਖੀ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਸਬੰਧਤ ਬੀ. ਆਰ.ਪੀ. ਨਾਲ ਸੰਪਰਕ ਕਰੇ ਅਤੇ ਮੋਨੀਟਰ ਡਾਇਰੀ ਦੀ ਸਕੂਲ ਤੱਕ ਪਹੁੰਚ ਯਕੀਨੀ ਬਣਾਈ ਜਾਵੇ।

3.0 ਇਸ ਤੋਂ ਇਲਾਵਾ ਜਮਾਤ ਇੰਚਾਰਜ ਮੋਨੀਟਰ ਡਾਇਰੀ ਨੂੰ ਰੋਜ਼ਾਨਾ ਪੀਰੀਅਡ ਵਾਈਜ਼ ਭਰਨ ਦੀ ਸੇਧ ਦੇਵੇ ਅਤੇ ਮੋਨੀਟਰ ਨੂੰ ਹਦਾਇਤ ਕਰੇ ਕਿ ਉਹ ਸਕੂਲ ਦੀ ਛੁੱਟੀ ਹੋਣ ਤੇ ਇਹ ਡਾਇਰੀ ਸਕੂਲ ਮੁੱਖੀ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਏ ਅਤੇ ਅਗਲੇ ਦਿਨ, ਸਵੇਰ ਦੀ ਸਭਾ ਉਪਰੰਤ ਸਕੂਲ ਮੁੱਖੀ ਦੇ ਦਫ਼ਤਰ ਵਿੱਚੋਂ ਪ੍ਰਾਪਤ ਕਰੇ, ਇਹ ਡਾਇਰੀ ਜਮਾਤ ਇੰਚਾਰਜ ਅਤੇ ਸਕੂਲ ਮੁੱਖੀ ਦੁਆਰਾ ਟਿੱਪਣੀ ਸਾਹਿਤ ਪ੍ਰਤੀ ਹਸਤਾਖ਼ਰ ਕੀਤੀ ਜਾਵੇ।

4.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ,ਚੰਡੀਗੜ੍ਹ**